# ਆਪਣੀ ਰਾਇ ਦਿਓ!

22 ਅਕਤੂਬਰ ਤੋਂ 30 ਨਵੰਬਰ 2018 ਤੱਕ
ਚੋਣ ਸੁਧਾਰ ਬਾਰੇ 2018 ਦੀ ਰਾਏਸ਼ੁਮਾਰੀ ਵਿੱਚ ਵੋਟ ਪਾਓ

ਬੀ.ਸੀ. ਇਸ ਬਾਰੇ ਰਾਏਸ਼ੁਮਾਰੀ ਕਰਵਾ ਰਿਹਾ ਹੈ ਕਿ ਸੂਬਾਈ ਚੋਣਾਂ ਲਈ ਕਿਹੜੀ ਵੋਟਿੰਗ ਪ੍ਰਣਾਲੀ ਵਰਤੀ ਜਾਣੀ ਚਾਹੀਦੀ ਹੈ। ਇਹ ਇੱਕ ਵੱਡਾ ਫੈਸਲਾ ਹੈ ਇਸ ਲਈ ਵੋਟ ਪਾਉਣੀ ਪੱਕਾ ਕਰੋ।

## ਅਸੀਂ ਕਿਸ ਬਾਰੇ ਵੋਟਿੰਗ ਕਰਵਾ ਰਹੇ ਹਾਂ?

ਤੁਹਾਨੂੰ ਇਹ ਪੁੱਛਿਆ ਜਾ ਰਿਹਾ ਹੈ:

- ਕੀ ਸਾਨੂੰ ਵਰਤਮਾਨ ਫਸਟ ਪਾਸਟ ਦ ਪੋਸਟ ਵੋਟਿੰਗ ਪ੍ਰਣਾਲੀ ਨੂੰ ਰੱਖਣਾ ਚਾਹੀਦਾ ਹੈ ਜਾਂ ਅਨੁਪਾਤਕ ਪ੍ਰਤਿਨਿਧਤਾ ਦੀ ਪ੍ਰਣਾਲੀ ਵਿੱਚ ਜਾਣਾ ਚਾਹੀਦਾ ਹੈ?

- ਜੇ ਅਨੁਪਾਤਕ ਪ੍ਰਤਿਨਿਧਤਾ ਨੂੰ ਅਪਣਾਇਆ ਜਾਂਦਾ ਹੈ, ਤਾਂ ਤੁਸੀਂ ਕਿਹੜੀ ਅਨੁਪਾਤਕ ਪ੍ਰਣਾਲੀ ਨੂੰ ਤਰਜੀਹ ਦਿਓਗੇ?

  - ਦੋ ਮੈਂਬਰ ਅਨੁਪਾਤਕ (DMP)
  - ਮਿਸ਼ਰਿਤ ਮੈਂਬਰ ਅਨੁਪਾਤਕ (MMP)
  - ਸ਼ਹਿਰੀ-ਪੇਂਡੂ ਅਨੁਪਾਤਕ (RUP)

ਤੁਸੀਂ ਦੋਵੇਂ ਪ੍ਰਸ਼ਨਾਂ ਦੇ ਉੱਤਰ ਦੇ ਸਕਦੇ ਹੋ ਜਾਂ ਬਸ ਇੱਕ ਪ੍ਰਸ਼ਨ ਦਾ ਅਤੇ ਤੁਹਾਡੀ ਵੋਟ ਪਰਚੀ ਨੂੰ ਤਾਂ ਵੀ ਗਿਣਿਆ ਜਾਵੇਗਾ। ਸਾਨੂੰ ਕਾਲ ਕਰਕੇ ਜਾਂ ਸਾਡੀ ਵੈੱਬਸਾਈਟ ਤੇ ਜਾ ਕੇ ਚਾਰੋ ਵੋਟਿੰਗ ਪ੍ਰਣਾਲੀਆਂ ਬਾਰੇ ਹੋਰ ਜਾਣਕਾਰੀ ਲਵੋ।

ਬਹਿਸ ਵਿੱਚ ਸਾਰੇ ਪਾਸੇ ਤੋਂ ਜਾਣਕਾਰੀ ਲਵੋ, ਇੱਕ ਸੂਚਿਤ ਫੈਸਲਾ ਕਰੋ, ਅਤੇ 30 ਨਵੰਬਰ 2018 ਤੱਕ ਵੋਟ ਪਾਉਣੀ ਯਕੀਨੀ ਬਣਾਓ।

## ਮੈਂ ਕਿਵੇਂ ਵੋਟ ਪਾ ਸਕਦਾ/ਸਕਦੀ ਹਾਂ?

ਵੋਟ ਪਾਉਣ ਦੇ ਪੈਕੇਜ 2 ਨਵੰਬਰ ਤੱਕ ਵੋਟਰਾਂ ਨੂੰ ਡਾਕ ਰਾਹੀਂ ਭੇਜੇ ਜਾ ਰਹੇ ਹਨ। ਜੇ ਤੁਹਾਨੂੰ ਇਹ ਨਹੀਂ ਮਿਲਦਾ ਹੈ, ਤਾਂ ਇਲੈਕਸ਼ਨਜ਼ ਬੀਸੀ ਨਾਲ ਸੰਪਰਕ ਕਰੋ। ਤੁਹਾਡੇ ਵੋਟਿੰਗ ਪੈਕੇਜ ਵਿੱਚ ਇੱਕ ਵੋਟ-ਪਰਚੀ ਅਤੇ ਇਸ ਬਾਰੇ ਹਿਦਾਇਤਾਂ ਹਨ ਕਿ ਆਪਣੇ ਵੋਟਿੰਗ ਪੈਕੇਜ ਨੂੰ ਭਰ ਕੇ ਇਲੈਕਸ਼ਨਜ਼ ਬੀਸੀ ਨੂੰ ਕਿਵੇਂ ਵਾਪਸ ਕਰਨਾ ਹੈ।

**ਰਾਏਸ਼ੁਮਾਰੀ ਵੋਟ ਬਾਰੇ ਚਾਰੋ ਵੋਟਿੰਗ ਪ੍ਰਣਾਲੀਆਂ 'ਤੇ ਛੋਟਾ ਵੀਡੀਓ ਦੇਖਣ ਲਈ elections.bc.ca/referendum 'ਤੇ ਜਾਓ।**